**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**

**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**

**ਐਸ.ਸੀ.ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)
2. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ
3. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)
4. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈੱਬ ਸਾਈਟ ਰਾਹੀਂ)
5. ਰਾਜ ਦੇ ਸਮੂਹ ਸੈਂਟਰ ਹੈੱਡ ਟੀਚਰ (ਵੈੱਬ ਸਾਈਟ ਰਾਹੀਂ)

ਮੀਮੋ ਨੰ ਸਸਅ/ਮੈ.ਸੈ./09/79511-79556
ਮਿਤੀ ਚੰਡੀਗੜ੍ਹ 14 ਦਸੰਬਰ, 2009

**ਵਿਸ਼ਾ ਮਹੀਨਾਵਾਰ ਪ੍ਰੀਖਿਆਵਾਂ ਦੇ ਅੰਕ ਸਾਲਾਨਾ ਪ੍ਰੀਖਿਆ ਵਿੱਚ ਸ਼ਾਮਲ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਮੀਮੋ ਨੰ ਮੈਥ ਸੈੱਲ/ਸਸਅ/09/47812-47855 ਮਿਤੀ 23.6.2009 ਦੀ ਲਗਾਤਾਰਤਾ ਵਿੱਚ ।

2.0 ਆਪ ਜੀ ਦੇ ਨਾਲ ਮਹੀਨਾਵਾਰ ਮੀਟਿੰਗਾਂ ਦੌਰਾਨ ਅਤੇ ਇਸ ਉਪਰੰਤ ਨਿਮਨਹਸਤਾਖਰਿਤ ਵੱਲੋਂ ਵੱਖ ਵੱਖ ਜ਼ਿਲ੍ਹਿਆਂ ਦੇ ਸਕੂਲ ਮੁੱਖੀਆਂ ਦੇ ਨਾਲ ਕੀਤੇ ਗਏ ਵਿਚਾਰ ਵਟਾਂਦਰੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

3.0 ਇਹ ਗੱਲ ਸਾਹਮਣੇ ਆਈ ਹੈ ਕਿ ਸਰਕਾਰ ਵੱਲੋਂ ਮਹੀਨਾਵਾਰ ਟੈਸਟਾਂ ਬਾਰੇ ਲਏ ਗਏ ਫੈਸਲੇ ਦੇ ਮੱਦੇ ਨਜ਼ਰ ਸਕੂਲਾਂ ਵਿੱਚ ਹਿਸਾਬ, ਸਾਇੰਸ, ਸੋਸ਼ਲ ਸਟੱਡੀ ਅਤੇ ਅੰਗ੍ਰੇਜੀ ਕਲਾਸ ਛੇਵੀਂ ਤੋਂ ਦਸਵੀਂ ਤੀਕ ਅਤੇ ਪੰਜਵੀਂ ਕਲਾਸ ਦੇ ਸਾਰੇ ਵਿਸ਼ਿਆਂ ਦੇ ਮਹੀਨਾਵਾਰ ਟੈਸਟ ਲਏ ਜਾਂਦੇ ਹਨ ਪਰੰਤੂ ਕਈ ਵਾਰ ਕੁੱਝ ਵਿਦਿਆਰਥੀ ਇਨ੍ਹਾਂ ਟੈਸਟਾਂ ਵਿੱਚ ਹਾਜ਼ਰ ਨਹੀਂ ਹੁੰਦੇ । ਅਧਿਆਪਕਾਂ ਵੱਲੋਂ ਇਹ ਸੁਝਾਅ ਦਿੱਤਾ ਗਿਆ ਹੈ ਕਿ ਕੁੱਝ ਵਿਦਿਆਰਥੀ ਇਨ੍ਹਾਂ ਟੈਸਟਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਹਨ ਜਿਸ ਕਰਕੇ ਉਨ੍ਹਾਂ ਵੱਲੋਂ ਸੁਝਾਅ ਦਿੱਤਾ ਗਿਆ ਹੈ ਕਿ ਇਨ੍ਹਾਂ ਮਹੀਨਾਵਾਰ ਟੈਸਟਾਂ ਦੀ ਵੇਟੇਜ਼ ਵਧਾਉਣ ਦੀ ਲੋੜ ਹੈ।

4.0 ਇਸ ਮੁੱਦੇ ਨੂੰ ਮੁੱਖ ਦਫਤਰ ਵਿੱਚ ਸਿੱਖਿਆ ਮਾਹਿਰਾਂ ਨਾਲ ਮਿਤੀ 26.11.2009 ਨੂੰ ਮੀਟਿੰਗ ਵਿੱਚ ਵੀ ਵਿਚਾਰਿਆ ਗਿਆ ਸੀ । ਸਿੱਖਿਆ ਮਾਹਿਰਾਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਮੁੱਖ ਰੱਖਦੇ ਹੋਇਆ ਇਹ ਫੈਸਲਾ ਕੀਤਾ ਗਿਆ ਹੈ ਕਿ ਮਹੀਨਾਵਾਰ ਟੈਸਟਾਂ ਦੀ ਵੇਟੇਜ਼ 10

ਪ੍ਰਤਿਸ਼ਤ ਤੋਂ ਵਧਾ ਕੇ ਹੁਣ 15 ਪ੍ਰਤਿਸ਼ਤ ਕੀਤੀ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਸਤੰਬਰ ਪ੍ਰੀਖਿਆਂ ਦੀ ਵੇਟੇਜ਼ 7.5 ਪ੍ਰਤਿਸ਼ਤ ਅਤੇ ਦਸੰਬਰ ਪ੍ਰੀਖਿਆ ਦੀ ਵੇਟੇਜ਼ 7.5 ਪ੍ਰਤਿਸ਼ਤ ਕੀਤੀ ਜਾਂਦੀ ਹੈ । ਇਸ ਤੋਂ ਇਲਾਵਾ 10 ਪ੍ਰਤਿਸ਼ਤ ਵੇਟੇਜ਼ ਅਧਿਆਪਕਾਂ ਨੂੰ ਬੱਚਿਆਂ ਨੂੰ ਸਮੇਂ ਸਮੇਂ ਸਿਰ ਦਿੱਤੀਆਂ ਜਾਣ ਵਾਲੀਆ ਅਸਾਇਨਮੈਂਟਾਂ ਅਤੇ ਹੋਮ ਵਰਕ ਨੂੰ ਦਿੱਤੀ ਜਾਵੇਗੀ । ਇਸ ਤਰ੍ਹਾਂ 40 ਪ੍ਰਤਿਸ਼ਤ ਵੇਟੇਜ਼ ਮਹੀਨਾਵਾਰ ਟੈਸਟ, ਸਤੰਬਰ ਅਤੇ ਦਸੰਬਰ ਦੀਆਂ ਪ੍ਰੀਖਿਆਵਾਂ ਅਤੇ ਕਲਾਸ ਪਰਫਾਰਮੈਂਸ ਨੂੰ ਦਿੱਤੀ ਜਾਵੇਗੀ ਅਤੇ 60 ਪ੍ਰਤਿਸ਼ਤ ਵੇਟੇਜ਼ ਮਾਰਚ ਵਿੱਚ ਹੋਣ ਵਾਲੀ ਸਾਲਾਨਾ ਪ੍ਰੀਖਿਆ ਨੂੰ ਦਿੱਤੀ ਜਾਵੇਗੀ ।

5.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਸਬੰਧ ਵਿੱਚ ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਦੇ ਮੁੱਖੀਆਂ ਨੂੰ ਲੋੜੀਂਦੀਆ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ।

6.0 ਇਹ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਮਿਤੀ 7.12.2009 ਰਾਹੀਂ ਜਾਰੀ ਕੀਤਾ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ : ਡੀ.ਐਮ. (ਐਮ.ਆਈ.ਐਸ.)